Punjab Government Gazette

Published by Authority

No. 10] CHANDIGARH, FRIDAY, MARCH 6, 2026 (PHALGUNA 15, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ

(ਖੇਡਾਂ ਤੇ ਯੁਵਕ ਸੇਵਾਵਾਂ ਸ਼ਾਖਾ)

ਨੋਟੀਫਿਕੇਸ਼ਨ

ਮਿਤੀ 21 ਨਵੰਬਰ, 2025

ਨੰ: SYWD-SPRT08/401/2021-1SS/215.– ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਨਵੇਂ ਬਣੇ ਜ਼ਿਲ੍ਹੇ ਮਲੇਰਕੋਟਲਾ ਵਿਖੇ ਜ਼ਿਲ੍ਹਾ ਖੇਡ ਦਫ਼ਤਰ, ਮਲੇਰਕੋਟਲਾ ਲਈ ਹੇਠ ਦਰਸਾਈਆਂ ਅਸਾਮੀਆਂ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੰਦੇ ਹਨ:–

ਲੜੀ ਨੰ:	ਅਸਾਮੀ ਦਾ ਨਾਮ	ਅਸਾਮੀਆਂ ਦੀ ਗਿਣਤੀ
1	ਸੀਨੀਅਰ ਸਹਾਇਕ	01
2	ਸਟੈਨੋ ਟਾਈਪਿਸਟ	01
3	ਕਲਰਕ	01
	ਕੁੱਲ	03

2. ਇਹ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਦੀ ਮਿਤੀ 15.11.2025 ਨੂੰ ਹੋਈ ਮੀਟਿੰਗ ਵਿੱਚ ਹੋਈ ਮੰਨਜ਼ੂਰੀ ਦੇ ਸਨਮੁੱਖ ਜਾਰੀ ਕੀਤੀ ਜਾਂਦੀ ਹੈ, ਜਿਸ ਸਬੰਧੀ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਵੱਲੋਂ ਪੱਤਰ ਨੰ:1/243/2025–1ਕੈਬ/6490 ਮਿਤੀ 15.11.2025 ਰਾਹੀਂ ਸੂਚਿਤ ਕੀਤਾ ਗਿਆ ਹੈ।

ਸਰਵਜੀਤ ਸਿੰਘ, ਆਈ.ਏ.ਐਸ.,

ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ,

ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ।

ਚੰਡੀਗੜ੍ਹ

ਮਿਤੀ 20 ਨਵੰਬਰ, 2025

3652/3-2026/Pb. Govt. Press, S.A.S. Nagar